# ਪ੍ਰੀਨੇਟਲ ਜਨੈਟਿਕ ਸਕਰੀਨਿੰਗ

## ਇਹ ਤੁਹਾਡੀ ਚੋਣ ਹੈ

ਆਪਣੇ ਲਈ ਉਪਲਬਧ ਚੋਣਾਂ ਬਾਰੇ ਜ਼ਿਆਦਾ ਜਾਣੋ







**BC Prenatal Genetic Screening Program**

Perinatal Services BC
Provincial Health Services Authority

Provincial Health Services Authority
Province-wide solutions.
Better health.

www.bcprenatalscreening.ca



## ਪ੍ਰੀਨੇਟਲ ਜਨੈਟਿਕ ਸਕਰੀਨਿੰਗ ਕੀ ਹੈ?

ਇਹ ਖ਼ੂਨ ਦਾ ਇਕ ਟੈੱਸਟ ਹੈ ਜੋ ਕਿ ਬ੍ਰਿਟਿਸ਼ ਕੋਲੰਬੀਆ ਵਿਚਲੀਆਂ ਸਾਰੀਆਂ ਗਰਭਵਤੀ ਔਰਤਾਂ ਲਈ ਉਪਲਬਧ ਹੈ। ਇਹ ਟੈੱਸਟ ਤੁਹਾਡੇ ਬੇਬੀ ਨੂੰ ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੇਕਟ (ਨੁਕਸ) ਹੋਣ ਦੀ ਸੰਭਾਵਨਾ ਬਾਰੇ ਦੱਸਦਾ ਹੈ।

## ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੈਕਟਸ ਕੀ ਹਨ?

**ਡਾਊਨ ਸਿੰਡਰੋਮ** ਉਦੋਂ ਹੁੰਦਾ ਹੈ ਜਦੋਂ ਬੇਬੀ ਵਿਚ ਇਕ ਵਾਧੂ ਕ੍ਰੋਮੋਸੋਮ ਹੋਵੇ। ਕ੍ਰੋਮੋਸੋਮ ਸਾਡੇ ਸਰੀਰਾਂ ਨੂੰ ਦੱਸਦੇ ਹਨ ਕਿ ਕਿਵੇਂ ਵਧਣਾ ਅਤੇ ਵਿਕਸਤ ਹੋਣਾ ਹੈ। ਜਦੋਂ ਇਕ ਵਾਧੂ ਕ੍ਰੋਮੋਸੋਮ ਹੁੰਦਾ ਹੈ ਤਾਂ ਸਰੀਰ ਵਿਚ ਬਹੁਤ ਸਾਰੀ ਜਾਣਕਾਰੀ ਹੁੰਦੀ ਹੈ। ਇਹ ਉਸ ਤਰੀਕੇ ਨੂੰ ਬਦਲ ਦਿੰਦੀ ਹੈ ਜਿਸ ਤਰੀਕੇ ਨਾਲ ਸਰੀਰ ਵਧਦਾ ਅਤੇ ਵਿਕਸਤ ਹੁੰਦਾ ਹੈ। ਡਾਊਨ ਸਿੰਡਰੋਮ ਵਾਲੇ ਲੋਕਾਂ ਵਿਚ ਹਲਕੀਆਂ ਤੋਂ ਦਰਮਿਆਨੀਆਂ ਬੌਧਿਕ ਦੇਰੀਆਂ ਹੁੰਦੀਆਂ ਹਨ। ਉਨ੍ਹਾਂ ਨੂੰ ਕੁਝ ਸਿਹਤ ਸਮੱਸਿਆਵਾਂ ਹੋਣ ਦਾ ਖਤਰਾ ਵੀ ਜ਼ਿਆਦਾ ਹੁੰਦਾ ਹੈ। ਇਹ ਜਾਣਨ ਦਾ ਕੋਈ ਤਰੀਕਾ ਨਹੀਂ ਹੈ ਕਿ ਸਮੱਸਿਆ ਕਿੰਨੀ ਗੰਭੀਰ ਹੋਵੇਗੀ। ਡਾਊਨ ਸਿੰਡਰੋਮ ਵਾਲੇ ਲੋਕ ਆਮ ਤੌਰ 'ਤੇ ਆਪਣੇ 50ਵਿਆਂ ਤੱਕ ਜਿਊਂਦੇ ਰਹਿੰਦੇ ਹਨ।

**ਟ੍ਰਾਈਸੋਮੀ 18** ਵੀ ਉਦੋਂ ਹੁੰਦੀ ਹੈ ਜਦੋਂ ਬੇਬੀ ਵਿਚ ਇਕ ਵਾਧੂ ਕ੍ਰੋਮੋਸੋਮ ਹੁੰਦਾ ਹੈ। ਟ੍ਰਾਈਸੋਮੀ 18 ਵਾਲੇ ਬਹੁਤੇ ਗਰਭ ਗਿਰ ਜਾਂਦੇ ਹਨ। ਜੇ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਹ ਕਦੇ ਕਦੇ ਹੀ ਕੁਝ ਦਿਨ ਜਾਂ ਹਫਤੇ ਜਿਊਂਦਾ ਰਹਿੰਦਾ ਹੈ। ਇਨ੍ਹਾਂ ਬੇਬੀਆਂ ਦੇ ਦਿਲ ਅਤੇ ਦਿਮਾਗ ਦੇ ਗੰਭੀਰ ਨੁਕਸ ਹੁੰਦੇ ਹਨ।

**ਓਪਨ ਨਿਊਰਲ ਟਿਊਬ ਡਿਫੈਕਟਸ** ਉਦੋਂ ਹੁੰਦੇ ਹਨ ਜਦੋਂ ਦਿਮਾਗ ਜਾਂ ਰੀੜ੍ਹ ਦੀ ਹੱਡੀ ਸਹੀ ਤਰ੍ਹਾਂ ਨਹੀਂ ਬਣੇ ਹੁੰਦੇ। ਜਦੋਂ ਓਪਨ ਨਿਊਰਲ ਟਿਊਬ ਡਿਫੈਕਟ ਵਿਚ ਰੀੜ੍ਹ ਦੀ ਹੱਡੀ ਸ਼ਾਮਲ ਹੁੰਦੀ ਹੈ ਤਾਂ ਇਸ ਨੂੰ ਸਪਾਇਨਾ ਬੀਫਿਡਾ ਆਖਿਆ ਜਾਂਦਾ ਹੈ। ਇਸ ਦਾ ਨਤੀਜਾ ਸਰੀਰਕ ਅਤੇ ਦਿਮਾਗੀ ਅਪਾਹਜਤਾਵਾਂ ਦੋਨਾਂ ਵਿਚ ਨਿਕਲ ਸਕਦਾ ਹੈ। ਉਮਰ ਇਸ ਚੀਜ਼ 'ਤੇ ਨਿਰਭਰ ਕਰਦੀ ਹੈ ਕਿ ਬੀਮਾਰੀ ਕਿੰਨੀ ਗੰਭੀਰ ਹੈ। ਜਦੋਂ ਓਪਨ ਨਿਊਰਲ ਟਿਊਬ ਡਿਫੈਕਟ ਵਿਚ ਦਿਮਾਗ ਸ਼ਾਮਲ ਹੁੰਦਾ ਹੈ ਤਾਂ ਇਸ ਨੂੰ ਐਨਨਸੈਫਲੀ ਆਖਿਆ ਜਾਂਦਾ ਹੈ। ਐਨਨਸੈਫਲੀ ਵਾਲੇ ਬੇਬੀ ਮੁਰਦਾ ਪੈਦਾ ਹੋਣਗੇ ਜਾਂ ਜਨਮ ਤੋਂ ਛੇਤੀ ਬਾਅਦ ਮਰ ਜਾਣਗੇ।

**ਭਾਵੇਂ ਕਿ ਬਹੁਤੇ ਬੇਬੀ ਸਿਹਤਮੰਦ ਪੈਦਾ ਹੁੰਦੇ ਹਨ, ਪਰ ਸਾਰੀਆਂ ਔਰਤਾਂ ਨੂੰ ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੈਕਟ ਵਾਲਾ ਬੇਬੀ ਪੈਦਾ ਹੋਣ ਦਾ ਖਤਰਾ ਹੁੰਦਾ ਹੈ – ਭਾਵੇਂ ਉਹ ਅਤੇ ਉਨ੍ਹਾਂ ਦੇ ਪਰਿਵਾਰ ਸਿਹਤਮੰਦ ਹੋਣ।**

## ਇਹ ਕਿੰਨੀ ਕੁ ਸੰਭਾਵਨਾ ਹੈ ਕਿ ਮੇਰਾ ਬੇਬੀ ਇਨ੍ਹਾਂ ਵਿੱਚੋਂ ਕਿਸੇ ਹਾਲਤ ਨਾਲ ਪੈਦਾ ਹੋਵੇਗਾ?

ਡਾਊਨ ਸਿੰਡਰੋਮ ਵਾਲਾ ਬੇਬੀ ਪੈਦਾ ਹੋਣ ਦੀ ਸੰਭਾਵਨਾ ਤਕਰੀਬਨ 700 ਪਿੱਛੇ 1 ਹੈ ਅਤੇ ਟ੍ਰਾਈਸੋਮੀ 18 ਨਾਲ ਬੇਬੀ ਪੈਦਾ ਹੋਣ ਦੀ ਸੰਭਾਵਨਾ ਤਕਰੀਬਨ 7,000 ਪਿੱਛੇ 1 ਹੈ। ਇਹ ਗਿਣਤੀ ਔਸਤਨ ਸਾਰੀਆਂ ਉਮਰਾਂ ਦੀਆਂ ਔਰਤਾਂ ਲਈ ਹੈ। ਅਸਲੀਅਤ ਵਿਚ, ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18 ਵਾਲਾ ਬੇਬੀ ਪੈਦਾ ਹੋਣ ਦੀ ਸੰਭਾਵਨਾ ਘੱਟ ਉਮਰ ਦੀਆਂ ਔਰਤਾਂ ਵਿਚ ਘੱਟ ਅਤੇ ਵਡੇਰੀ ਉਮਰ ਦੀਆਂ ਔਰਤਾਂ ਵਿਚ ਜ਼ਿਆਦਾ ਹੈ।



| ਮਾਂ ਦੀ ਉਮਰ (ਸਾਲ) | ਡਾਊਨ ਸਿੰਡਰੋਮ ਦਾ ਖਤਰਾ | ਟ੍ਰਾਈਸੋਮੀ 18 ਦਾ ਖਤਰਾ |
|---|---|---|
| 25 | 1,250 ਵਿਚ 1 | 12,500 ਵਿਚ 1 |
| 30 | 840 ਵਿਚ 1 | 8,400 ਵਿਚ 1 |
| 35 | 356 ਵਿਚ 1 | 3,560 ਵਿਚ 1 |
| 40 | 94 ਵਿਚ 1 | 940 ਵਿਚ 1 |
| 45 | 24 ਵਿਚ 1 | 240 ਵਿਚ 1 |

ਜੇ ਤੁਹਾਡੇ ਜਾਂ ਤੁਹਾਡੇ ਪਾਰਟਨਰ ਦੇ ਡਾਊਨ ਸਿੰਡਰੋਮ ਵਾਲਾ ਜਾਂ ਕ੍ਰੋਮੋਸੋਮ ਦੀ ਕਿਸੇ ਹੋਰ ਹਾਲਤ ਵਾਲਾ ਬੇਬੀ ਹੈ ਤਾਂ ਹੋਰ ਗਰਭ ਵਿਚ ਤੁਹਾਡੀ ਸੰਭਾਵਨਾ ਵਧ ਜਾਂਦੀ ਹੈ।

ਓਪਨ ਨਿਊਰਲ ਟਿਊਬ ਡਿਫੈਕਟ ਵਾਲਾ ਬੇਬੀ ਪੈਦਾ ਹੋਣ ਦੀ ਸੰਭਾਵਨਾ ਇੱਕੋ ਜਿਹੀ ਹੀ ਰਹਿੰਦੀ ਹੈ ਉਮਰ ਭਾਵੇਂ ਕੋਈ ਵੀ ਹੋਵੇ – ਤਕਰੀਬਨ 1,000 ਵਿਚ 1।

**ਪ੍ਰੀਨੇਟਲ ਸਕਰੀਨਿੰਗ ਤੁਹਾਨੂੰ ਇਸ ਗਰਭ ਵਿਚ ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੈਕਟ ਵਾਲਾ ਬੇਬੀ ਪੈਦਾ ਹੋਣ ਦੀ ਆਪਣੀ ਸੰਭਾਵਨਾ ਬਾਰੇ ਦੱਸੇਗੀ। ਪ੍ਰੀਨੇਟਲ ਜਨੈਟਿਕ ਸਕਰੀਨਿੰਗ ਕਰਵਾਉਣਾ ਤੁਹਾਡੀ ਚੋਣ ਹੈ।**

**ਜਿੰਨੀ ਛੇਤੀ ਤੁਸੀਂ ਆਪਣੇ ਡਾਕਟਰ ਕੋਲ ਜਾਂਦੇ ਹੋ, ਓਨੀਆਂ ਜ਼ਿਆਦਾ ਚੋਣਾਂ ਹੀ ਤੁਹਾਡੇ ਕੋਲ ਹੁੰਦੀਆਂ ਹਨ।**

## ਪ੍ਰੀਨੇਟਲ ਜਨੈਟਿਕ ਸਕਰੀਨਿੰਗ ਕਿਵੇਂ, ਕਦੋਂ ਅਤੇ ਕਿੱਥੇ ਕੀਤੀ ਜਾਂਦੀ ਹੈ?

ਤੁਹਾਡੇ ਨੇੜੇ ਦੀ ਲੈਬ ਵਿਚ ਖੂਨ ਦੇ ਦੋ ਟੈੱਸਟ ਲਏ ਜਾਂਦੇ ਹਨ:

- **ਖੂਨ ਟੈੱਸਟ ਨੰਬਰ 1:** 9 ਹਫਤਿਆਂ ਅਤੇ 14 ਹਫਤਿਆਂ ਤੋਂ ਥੱਲੇ ਦੇ ਗਰਭ ਵਿਚਕਾਰ।
- **ਖੂਨ ਟੈੱਸਟ ਨੰਬਰ 2:** 14 ਹਫਤਿਆਂ ਅਤੇ 21 ਹਫਤਿਆਂ ਤੋਂ ਥੱਲੇ ਦੇ ਗਰਭ ਵਿਚਕਾਰ (ਟੈੱਸਟ ਨੰਬਰ 2 ਜਿੰਨਾ ਛੇਤੀ ਸੰਭਵ ਹੋ ਸਕੇ ਕਰਵਾਇਆ ਜਾਣਾ ਚਾਹੀਦਾ ਹੈ – 16 ਹਫਤਿਆਂ ਦੇ ਗਰਭ ਤੋਂ ਪਹਿਲਾਂ ਕਰਨਾ ਬਿਹਤਰ ਹੈ)

*ਜੇ ਕੋਈ ਖੂਨ ਦੇ ਪਹਿਲੇ ਟੈੱਸਟ ਤੋਂ ਖੁੰਝ ਜਾਵੇ ਤਾਂ ਉਹ ਅਜੇ ਵੀ ਖੂਨ ਦਾ ਦੂਜਾ ਟੈੱਸਟ ਕਰਵਾ ਸਕਦੀ ਹੈ। ਪਰ, ਜਦੋਂ ਵੀ ਸੰਭਵ ਹੋਵੇ, ਖੂਨ ਦੇ ਦੋਨੋਂ ਟੈੱਸਟ ਕਰਵਾਉਣਾ ਬਿਹਤਰ ਹੈ। ਦੋਨੋਂ ਕਰਵਾਉਣ ਨਾਲ ਟੈੱਸਟ ਦਾ ਨਤੀਜਾ ਜ਼ਿਆਦਾ ਸਹੀ ਹੁੰਦਾ ਹੈ।*

ਟੈੱਸਟ ਦੇ ਨਤੀਜੇ, ਖੂਨ ਦੇ ਦੂਜੇ ਟੈੱਸਟ ਤੋਂ ਬਾਅਦ ਦਸ ਦਿਨਾਂ ਦੇ ਵਿਚ ਵਿਚ ਮਿਲ ਜਾਂਦੇ ਹਨ।

**ਜੇ ਤੁਹਾਡੀ ਉਮਰ ਕਰਕੇ ਤੁਹਾਨੂੰ ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18 ਵਾਲਾ ਬੇਬੀ ਹੋਣ ਦੀ ਸੰਭਾਵਨਾ ਜ਼ਿਆਦਾ ਹੋਵੇ**, ਤਾਂ ਤੁਹਾਨੂੰ ਇਕ ਸਪੈਸ਼ਲ ਅਲਟਰਾਸਾਊਂਡ ਕਰਵਾਉਣ ਲਈ ਕਿਹਾ ਜਾਵੇਗਾ। ਇਹ ਅਲਟਰਾਸਾਊਂਡ ਖੂਨ ਦੇ ਟੈੱਸਟਾਂ ਤੋਂ ਇਲਾਵਾ ਹੋਵੇਗਾ। ਇਹ ਅਲਟਰਾਸਾਊਂਡ ਤੁਹਾਡੇ ਬੇਬੀ ਦੀ ਧੌਣ ਦੇ ਪਿਛਲੇ ਪਾਸੇ ਤਰਲ ਵਕਫੇ (ਫਲੂਇਡ ਸਪੇਸ) ਦਾ ਅਨੁਮਾਨ ਲਾਉਂਦਾ ਹੈ। ਇਸ ਨੂੰ **ਨੂਕਲ ਟ੍ਰਾਂਸਲੂਸੈਂਸੀ ਜਾਂ ਐੱਨ ਟੀ** ਅਲਟਰਾਸਾਊਂਡ ਆਖਿਆ



ਟੈੱਸਟਾਂ ਦੀਆਂ ਆਪਣੀਆਂ ਚੋਣਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ। ਤੁਸੀਂ ਜੋ ਵੀ ਚੋਣ ਕਰੋ ਇਸ ਦਾ ਤੁਹਾਡੀ ਸੰਭਾਲ 'ਤੇ ਕੋਈ ਅਸਰ ਨਹੀਂ ਪਵੇਗਾ। ਜੇ ਟੈੱਸਟ ਤੁਹਾਡੇ ਲਈ ਠੀਕ ਨਾ ਹੋਵੇ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨੂੰ ਦੱਸੋ।

ਜਾਂਦਾ ਹੈ। ਐੱਨ ਟੀ 11 ਅਤੇ 14 ਹਫਤੇ ਦੇ ਨੇੜੇ ਦੇ ਗਰਭ ਵਿਚਕਾਰ ਕੀਤਾ ਜਾਂਦਾ ਹੈ। ਭਾਵੇਂ ਕਿ ਐੱਨ ਟੀ ਕਰਵਾਉਣਾ ਟੈੱਸਟ ਦੇ ਨਤੀਜੇ ਲਈ ਹੋਰ ਜਾਣਕਾਰੀ ਦਿੰਦਾ ਹੈ, ਸਫਾ 3 'ਤੇ ਦੱਸੇ ਗਏ ਖ਼ੂਨ ਦੇ ਟੈੱਸਟ ਆਪਣੇ ਆਪ ਵਿਚ ਹੀ ਬਹੁਤ ਵਧੀਆ ਟੈੱਸਟ ਹਨ।

## ਜੇ ਮੈਨੂੰ ਪਹਿਲਾਂ ਵੀ ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18 ਜਾਂ 13 ਵਾਲਾ ਗਰਭ ਠਹਿਰ ਚੁੱਕਾ ਹੋਵੇ ਤਾਂ?

ਤੁਹਾਡੇ ਕੋਲ ਐੱਨ ਆਈ ਪੀ ਟੀ ਦਾ ਟੈੱਸਟ ਕਰਵਾਉਣ ਦੀ ਚੋਣ ਹੋਵੇਗੀ। ਹੋਰ ਜਾਣਕਾਰੀ ਲਈ ਸਫਾ 6 'ਤੇ ਜਾਉ।

## ਜੇ ਮੈਂ ਬੇਬੀ ਦੇ ਪੈਦਾ ਹੋਣ ਵੇਲੇ 40 ਸਾਲਾਂ ਜਾਂ ਜ਼ਿਆਦਾ ਉਮਰ ਦੀ ਹੋਵਾਂ ਤਾਂ ਕੀ ਕਰਨਾ ਹੈ?

ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਤੁਹਾਡੇ ਕੋਲ ਖ਼ੂਨ ਦੇ ਦੋ ਟੈੱਸਟ ਅਤੇ ਐੱਨ ਟੀ ਅਲਟਰਾਸਾਊਂਡ ਕਰਵਾਉਣ ਦੀ ਚੋਣ ਹੋਵੇਗੀ। ਤੁਹਾਨੂੰ ਡਾਇਗਨੌਸਟਿਕ ਟੈੱਸਟਿੰਗ (ਰੋਗ ਦਾ ਪਤਾ ਲਾਉਣ ਲਈ ਟੈੱਸਟ) ਕਰਵਾਉਣ ਦੀ ਚੋਣ ਵੀ ਦਿੱਤੀ ਜਾਵੇਗੀ ਜਿਹੜਾ ਤੁਹਾਨੂੰ ਇਹ ਪੱਕੀ ਤਰ੍ਹਾਂ ਦੱਸਦਾ ਹੈ ਕਿ ਕੀ ਤੁਹਾਡੇ ਬੇਬੀ ਨੂੰ ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18 ਹੈ ਜਾਂ ਨਹੀਂ। ਡਾਇਗਨੌਸਟਿਕ ਟੈੱਸਟਿੰਗ ਦੀਆਂ ਕਿਸਮਾਂ ਕੋਰੀਔਨਿਕ ਵਿਲੀ ਸੈਂਪਲਿੰਗ ਜਾਂ ਐਮਨੀਓਸੈਨਟੀਸਿਸ ਹਨ। ਤੁਸੀਂ ਪ੍ਰੀਨੇਟਲ ਜਨੈਟਿਕ ਸਕਰੀਨਿੰਗ ਜਾਂ ਡਾਇਗਨੌਸਟਿਕ ਟੈੱਸਟਿੰਗ ਨਾ ਕਰਵਾਉਣ ਦਾ ਫੈਸਲਾ ਵੀ ਕਰ ਸਕਦੇ ਹੋ।

## ਜੇ ਮੈਂ ਜੌੜਿਆਂ ਨਾਲ ਗਰਭਵਤੀ ਹੋਵਾਂ ਤਾਂ ਕੀ ਹੋਵੇਗਾ?

ਜੇ ਤੁਸੀਂ 14 ਹਫਤੇ ਤੋਂ ਘੱਟ ਦੇ ਗਰਭਵਤੀ ਹੋਵੋ ਤਾਂ ਤੁਹਾਨੂੰ ਸਫਾ 3 'ਤੇ ਦੱਸੇ ਗਏ ਮੁਤਾਬਕ, ਐੱਨ ਟੀ ਅਲਟਰਾਸਾਊਂਡ ਅਤੇ ਪ੍ਰੀਨੇਟਲ ਸਕਰੀਨਿੰਗ ਲਈ ਖ਼ੂਨ ਦੇ ਟੈੱਸਟ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਜੇ ਐੱਨ ਟੀ ਅਲਟਰਾਸਾਊਂਡ ਉਪਲਬਧ ਨਾ ਹੋਵੇ, ਜਾਂ ਜੇ ਤੁਸੀਂ 14 ਹਫਤੇ ਨਾਲੋਂ ਜ਼ਿਆਦਾ ਸਮੇਂ ਦੇ ਗਰਭਵਤੀ ਹੋਵੋ ਤਾਂ ਤੁਹਾਨੂੰ ਅਜੇ ਵੀ ਸਫਾ 3 'ਤੇ ਦੱਸੇ ਗਏ ਖ਼ੂਨ ਦੇ ਟੈੱਸਟ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਜੇ ਆਪਣੇ ਬੇਬੀਆਂ ਦੇ ਜਨਮ ਵੇਲੇ ਤੁਸੀਂ 35 ਸਾਲ ਜਾਂ ਜ਼ਿਆਦਾ ਉਮਰ ਦੇ ਹੋਵੋਗੇ ਤਾਂ ਤੁਹਾਡੇ ਕੋਲ ਐਮਨੀਓਸੈਨਟੀਸਿਸ ਕਰਵਾਉਣ ਦੀ ਚੋਣ ਹੋਵੇਗੀ।

## ਮੇਰੇ ਖ਼ੂਨ ਦੇ ਟੈੱਸਟ ਕਰਵਾਉਣ ਤੋਂ ਬਾਅਦ ਕੀ ਹੁੰਦਾ ਹੈ?

ਜ਼ਿਆਦਾ ਸੰਭਾਵਨਾ ਹੈ ਕਿ ਪ੍ਰੀਨੇਟਲ ਸਕਰੀਨਿੰਗ ਦਾ ਨਤੀਜਾ ਇਹ ਦਿਖਾਏਗਾ ਕਿ ਇਨ੍ਹਾਂ ਵਿੱਚੋਂ ਕਿਸੇ ਹਾਲਤ ਵਾਲਾ ਬੇਬੀ ਪੈਦਾ ਹੋਣ ਦਾ ਤੁਹਾਡਾ ਮੌਕਾ ਘੱਟ ਹੈ। ਇਸ ਨੂੰ "**ਸਕਰੀਨ ਨੈਗਟਿਵ**" ਨਤੀਜਾ ਆਖਿਆ ਜਾਂਦਾ ਹੈ। ਇਹ ਨਤੀਜਾ 99.9 ਪ੍ਰਤੀਸ਼ਤ ਨਾਲੋਂ ਜ਼ਿਆਦਾ ਵਾਰੀ ਠੀਕ ਹੁੰਦਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਇਨ੍ਹਾਂ ਹਾਲਤਾਂ ਵਿੱਚੋਂ ਕਿਸੇ ਹਾਲਤ ਵਾਲਾ ਬੇਬੀ ਪੈਦਾ ਹੋਣ ਦਾ ਤੁਹਾਡਾ ਮੌਕਾ ਜ਼ੀਰੋ ਹੈ।

ਜੇ ਨਤੀਜਾ ਇਹ ਦਿਖਾਉਂਦਾ ਹੈ ਕਿ ਇਨ੍ਹਾਂ ਵਿੱਚੋਂ ਕਿਸੇ ਹਾਲਤ ਵਾਲਾ ਬੇਬੀ ਪੈਦਾ ਹੋਣਾ ਦਾ ਤੁਹਾਡਾ ਮੌਕਾ ਕਾਫੀ ਜ਼ਿਆਦਾ ਹੈ ਤਾਂ ਤੁਹਾਨੂੰ "**ਸਕਰੀਨ ਪੌਜ਼ਟਿਵ**" ਨਤੀਜਾ ਮਿਲੇਗਾ। ਇਸ ਪ੍ਰੀਨੇਟਲ ਨਤੀਜੇ ਦਾ ਮਤਲਬ ਇਹ ਨਹੀਂ

ਹੈ ਕਿ ਤੁਹਾਡੇ ਬੇਬੀ ਨੂੰ ਜ਼ਰੂਰ ਹੀ ਇਹ ਹਾਲਤ ਹੈ। ਅਸਲ ਵਿਚ, ਇਸ ਨਤੀਜੇ ਵਾਲੀਆਂ ਬਹੁਤੀਆਂ ਔਰਤਾਂ ਦੇ ਇਨ੍ਹਾਂ ਵਿੱਚੋਂ ਕਿਸੇ ਹਾਲਤ ਵਾਲਾ ਬੇਬੀ ਨਹੀਂ ਪੈਦਾ ਹੁੰਦਾ। ਪੱਕਾ ਉੱਤਰ ਦੇਣ ਲਈ ਤੁਹਾਨੂੰ ਹੋਰ ਟੈੱਸਟ ਕਰਵਾਉਣ ਲਈ ਕਿਹਾ ਜਾਵੇਗਾ।

**ਬਹੁਤੀਆਂ ਔਰਤਾਂ ਦੇ ਪ੍ਰੀਨੇਟਲ ਜਨੈਟਿਕ ਸਕਰੀਨਿੰਗ ਦੇ ਨਤੀਜੇ ਇਹ ਦਿਖਾਉਂਦੇ ਹਨ ਕਿ ਇਨ੍ਹਾਂ ਹਾਲਤਾਂ ਲਈ ਸੰਭਾਵਨਾਵਾਂ ਘੱਟ ਹਨ।**

**ਭਾਵੇਂ ਕਿ 10 ਵਿੱਚੋਂ 1 ਔਰਤ ਦੇ ਟੈੱਸਟ ਦਾ ਨਤੀਜਾ ਪੌਜ਼ਟਿਵ ਆਵੇਗਾ, ਪਰ ਇਨ੍ਹਾਂ ਔਰਤਾਂ ਵਿੱਚੋਂ ਬਹੁਤੀਆਂ ਦੇ ਡਾਊਨ ਸਿੰਡਰੋਮ , ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੈਕਟ ਵਾਲਾ ਬੇਬੀ ਨਹੀਂ ਹੋਵੇਗਾ।**

**ਟੈੱਸਟ ਦਾ ਨਤੀਜਾ ਪੌਜ਼ਟਿਵ ਆਉਣ ਦਾ ਮੌਕਾ ਔਰਤ ਦੀ ਉਮਰ ਵਧਣ ਨਾਲ ਵਧ ਜਾਂਦਾ ਹੈ।**

## ਜੇ ਓਪਨ ਨਿਊਰਲ ਟਿਊਬ ਡਿਫੈਕਟ ਲਈ ਮੇਰੇ ਟੈੱਸਟ ਦਾ ਨਤੀਜਾ ਪੌਜ਼ਟਿਵ ਹੋਵੇ ਤਾਂ ਬੀਮਾਰੀ ਦਾ ਪਤਾ ਲਾਉਣ ਲਈ ਮੈਨੂੰ ਕਿਹੜਾ ਟੈੱਸਟ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ?

ਤੁਹਾਨੂੰ ਵਿਸਥਾਰ ਵਾਲਾ ਅਲਟਰਾਸਾਊਂਡ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਤੁਹਾਨੂੰ ਬੀ ਸੀ ਦੇ ਮੈਡੀਕਲ ਜਨੈਟਿਕਸ ਕਲੀਨਿਕਾਂ (ਵੈਨਕੂਵਰ ਜਾਂ ਵਿਕਟੋਰੀਆ) ਵਿੱਚੋਂ ਕਿਸੇ ਵਿਚ ਮੈਟਰਨਲ ਫੀਟਲ ਮੈਡੀਸੀਨ ਡਾਕਟਰ ਜਾਂ ਕਿਸੇ ਜਨੈਟਿਕ ਕੌਂਸਲਰ ਨਾਲ ਅਪੌਇੰਟਮੈਂਟ ਬਣਾਉਣ ਲਈ ਵੀ ਕਿਹਾ ਜਾਵੇਗਾ। ਜੇ ਤੁਹਾਡੇ ਬੇਬੀ ਨੂੰ ਓਪਨ ਨਿਊਰਲ ਟਿਊਬ ਡਿਫੈਕਟ ਹੋਵੇ ਤਾਂ ਇਹ ਆਮ ਤੌਰ 'ਤੇ ਅਲਟਰਾਸਾਊਂਡ ਸਕੈਨ 'ਤੇ ਦਿਖਾਈ ਦਿੰਦਾ ਹੈ।

## ਜੇ ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18 ਲਈ ਮੇਰੇ ਟੈੱਸਟ ਦਾ ਨਤੀਜਾ ਪੌਜ਼ਟਿਵ ਹੋਵੇ ਤਾਂ ਬੀਮਾਰੀ ਦਾ ਪਤਾ ਲਾਉਣ ਲਈ ਮੈਨੂੰ ਕਿਹੜਾ ਟੈੱਸਟ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ?

ਤੁਹਾਨੂੰ ਐੱਨ ਆਈ ਪੀ ਟੀ (ਨੌਨ-ਇਨਵੇਜ਼ਿਵ ਪ੍ਰੀਨੇਟਲ ਟੈੱਸਟਿੰਗ) ਨਾਂ ਦਾ ਖ਼ੂਨ ਦਾ ਇਕ ਹੋਰ ਟੈੱਸਟ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਤੁਹਾਡੇ ਪੌਜ਼ਟਿਵ ਨਤੀਜੇ ਵਿੱਚ ਦਰਸਾਏ ਗਏ ਖਤਰੇ ਦੇ ਪੱਧਰ ਦੇ ਆਧਾਰ 'ਤੇ ਤੁਹਾਡੇ ਕੋਲ ਐਮੀਨੋਓਸੈਨਟੀਸਿਸ ਨਾਂ ਦੇ ਡਾਇਗਨੌਸਟਿਕ ਟੈੱਸਟ ਕਰਵਾਉਣ ਦੀ ਚੋਣ ਵੀ ਹੋ ਸਕਦੀ ਹੈ। ਕੁਝ ਔਰਤਾਂ ਇਹ ਹੋਰ ਟੈੱਸਟ ਕਰਵਾਉਣ ਦੀ ਚੋਣ ਕਰਨਗੀਆਂ ਅਤੇ ਕੁਝ ਨਹੀਂ। ਇਹ ਚੋਣ ਤੁਹਾਡੀ ਹੈ।



**ਭਾਵੇਂ ਕਿ ਪ੍ਰੀਨੇਟਲ ਜਨੈਟਿਕ ਸਕਰੀਨਿੰਗ ਤੁਹਾਨੂੰ ਤੁਹਾਡੇ ਬੱਚੇ ਨੂੰ ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੈਕਟ ਦੀ ਸੰਭਾਵਨਾ ਦੱਸਦੀ ਹੈ ਪਰ ਇਸ ਦਾ ਪੱਕਾ ਪਤਾ ਲਾਉਣ ਲਈ ਤੁਹਾਨੂੰ ਐਮਨੀਓਸੈਨਟੀਸਿਸ ਵਰਗੇ ਡਾਇਗਨੌਸਟਿਕ ਟੈੱਸਟ ਦੀ ਲੋੜ ਪਵੇਗੀ।**

## ਐੱਨ ਆਈ ਪੀ ਟੀ (ਨੌਨ-ਇਨਵੇਜ਼ਿਵ ਪ੍ਰੀਨੇਟਲ ਟੈੱਸਟਿੰਗ) ਕੀ ਹੈ?

ਇਹ ਡਾਊਨ ਸਿੰਡਰੋਮ ਅਤੇ ਟ੍ਰਾਈਸੋਮੀ 18 ਚੈੱਕ ਕਰਨ ਲਈ ਇਕ ਸੁਰੱਖਿਅਤ ਅਤੇ ਬਹੁਤ ਹੀ ਸਹੀ ਟੈੱਸਟ ਹੈ ਜੋ ਕਿ ਖ਼ੂਨ ਦੇ ਟੈੱਸਟ ਨਾਲ ਕੀਤਾ ਜਾਂਦਾ ਹੈ। ਇਹ ਡਾਊਨ ਸਿੰਡਰੋਮ ਅਤੇ ਟ੍ਰਾਈਸੋਮੀ 18 ਵਾਲੇ ਤਕਰੀਬਨ ਸਾਰੇ ਬੇਬੀਆਂ ਦਾ ਪਤਾ ਲਾ ਲੈਂਦਾ ਹੈ। ਇਸ ਦਾ ਮਤਲਬ ਹੈ ਕਿ ਜੇ ਟੈੱਸਟ ਨੈਗਟਿਵ ਹੋਵੇ ਤਾਂ ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18 ਦਾ ਖਤਰਾ ਬਹੁਤ ਹੀ ਘੱਟ ਹੈ। ਜੇ ਟੈੱਸਟ ਪੌਜ਼ਟਿਵ ਹੋਵੇ ਤਾਂ ਖਤਰਾ ਜ਼ਿਆਦਾ ਹੈ। ਫਿਰ ਪੌਜ਼ਟਿਵ ਐੱਨ ਆਈ ਪੀ ਟੀ ਦਾ ਪੱਕਾ ਪਤਾ ਲਾਉਣ ਲਈ ਐਮਨੀਓਸੈਨਟੀਸਿਸ ਟੈੱਸਟ ਦੀ ਪੇਸ਼ਕਸ਼ ਕੀਤੀ ਜਾਵੇਗੀ। ਐੱਨ ਆਈ ਪੀ ਟੀ ਟੈੱਸਟ ਦੇ ਨਤੀਜੇ 10 ਦਿਨਾਂ ਵਿਚ ਮਿਲ ਜਾਂਦੇ ਹਨ। ਜਿਹੜੀਆਂ ਔਰਤਾਂ ਦੇ ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18 ਲਈ ਟੈੱਸਟ ਦੇ ਨਤੀਜੇ ਪੌਜ਼ਟਿਵ (ਆਈ ਪੀ ਐੱਸ/ਐੱਸ ਆਈ ਪੀ ਐੱਸ/ਕੁਆਡ) ਆਉਂਦੇ ਹਨ, ਉਨ੍ਹਾਂ ਲਈ ਐੱਨ ਆਈ ਪੀ ਟੀ ਦਾ ਇਹ ਟੈੱਸਟ ਸੂਬੇ ਦੀ ਮੈਡੀਕਲ ਪਲੈਨ ਵਲੋਂ ਕਵਰ ਹੁੰਦਾ ਹੈ।

## ਐਮਨੀਓਸੈਨਟੀਸਿਸ ਕੀ ਹੈ?

ਇਹ ਬੀਮਾਰੀ ਦੀ ਪਛਾਣ ਕਰਨ ਵਾਲਾ ਟੈੱਸਟ ਹੈ ਜਿਹੜਾ ਤੁਹਾਨੂੰ ਦੱਸਦਾ ਹੈ ਕਿ ਕੀ ਸੱਚੀਂ ਹੀ ਤੁਹਾਡੇ ਬੇਬੀ ਨੂੰ ਇਨ੍ਹਾਂ ਵਿੱਚੋਂ ਕੋਈ ਹਾਲਤ ਹੈ। ਤੁਹਾਡੇ ਪੇਟ ਵਿਚ ਇਕ ਬਹੁਤ ਹੀ ਬਾਰੀਕ ਸੂਈ ਪਾ ਕੇ ਤੁਹਾਡੇ ਬੇਬੀ ਦੇ ਦੁਆਲਿਉਂ ਤਰਲ ਦੀ ਇਕ ਛੋਟੀ ਜਿਹੀ ਮਾਤਰਾ ਲਈ ਜਾਂਦੀ ਹੈ। ਤਕਰੀਬਨ ਤਿੰਨ ਛੋਟੇ ਚਮਚੇ ਲਏ ਜਾਂਦੇ ਹਨ। ਸੂਈ ਨੂੰ ਸੇਧ ਅਲਟਰਾਸਾਊਂਡ ਨਾਲ ਦਿੱਤੀ ਜਾਂਦੀ ਹੈ ਇਸ ਕਰਕੇ ਇਹ ਬੇਬੀ ਦੇ ਨਹੀਂ ਲੱਗਦੀ। ਤਰਲ ਦੇ ਇਸ ਨਮੂਨੇ ਨੂੰ ਇਹ ਪਤਾ ਲਾਉਣ ਲਈ ਚੈੱਕ ਕੀਤਾ ਜਾਂਦਾ ਹੈ ਕਿ ਕੀ ਬੇਬੀ ਨੂੰ ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਕ੍ਰੋਮੋਸੋਮ ਦੀ ਕੋਈ ਹੋਰ ਹਾਲਤ ਹੈ ਜਾਂ ਨਹੀਂ। ਐਮਨੀਓਸੈਨਟੀਸਿਸ ਨਾਲ ਗਰਭਪਾਤ ਹੋਣ ਦੇ ਖਤਰੇ 200 ਵਿੱਚੋਂ 1 (0.5%) ਹਨ।

## ਜੇ ਅਗਾਂਹ ਹੋਰ ਟੈੱਸਟ ਇਹ ਪੱਕਾ ਕਰਨ ਕਿ ਮੇਰੇ ਬੇਬੀ ਨੂੰ ਇਨ੍ਹਾਂ ਵਿੱਚੋਂ ਕੋਈ ਹਾਲਤ ਹੈ ਤਾਂ ਕੀ ਹੋਵੇਗਾ?

ਜੇ ਟੈੱਸਟ ਇਹ ਪੱਕਾ ਕਰਨ ਕਿ ਤੁਹਾਡੇ ਬੇਬੀ ਨੂੰ ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੈਕਟ ਹੈ ਤਾਂ ਅਜਿਹੇ ਲੋਕ ਹਨ ਜਿਨ੍ਹਾਂ ਨਾਲ ਤੁਸੀਂ ਇਹ ਗੱਲ ਕਰ ਸਕਦੇ ਹੋ ਕਿ ਤੁਹਾਡੀ ਮਦਦ ਕੌਣ ਕਰੇਗਾ। ਤੁਹਾਡਾ ਡਾਕਟਰ, ਮੈਡੀਕਲ ਜਨੈਟੇਸਿਸਟਸ ਜਾਂ ਜਨੈਟਿਕ ਕੌਂਸਲਰ ਤੁਹਾਡੇ ਨਾਲ ਤੁਹਾਡੀਆਂ ਚੋਣਾਂ ਬਾਰੇ ਗੱਲ ਕਰਨ ਲਈ ਅਤੇ ਅਜਿਹਾ ਫੈਸਲਾ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਹਨ ਜਿਹੜਾ ਤੁਹਾਡੇ ਲਈ ਸਹੀ ਹੋਵੇ। ਤੁਹਾਡੀਆਂ ਚੋਣਾਂ ਵਿਚ, ਗਰਭ ਨੂੰ ਜਾਰੀ ਰੱਖਣਾ, ਗਰਭ ਨੂੰ ਖਤਮ ਕਰਨਾ ਜਾਂ ਗਰਭ ਲਈ ਅਡੌਪਸ਼ਨ ਪਲੈਨ ਬਣਾਉਣਾ ਸ਼ਾਮਲ ਹਨ।

## ਫੈਸਲਾ ਕਰਨਾ

### *ਕੀ ਪ੍ਰੀਨੇਟਲ ਜਨੈਟਿਕ ਸਕਰੀਨਿੰਗ ਮੇਰੇ ਲਈ ਠੀਕ ਹੈ?*

ਬਹੁਤ ਸਾਰੀਆਂ ਔਰਤਾਂ ਨੂੰ ਇਹ ਫੈਸਲਾ ਕਰਨਾ ਔਖਾ ਲੱਗਦਾ ਹੈ ਕਿ ਕੀ ਉਨ੍ਹਾਂ ਨੇ ਪ੍ਰੀਨੇਟਲ ਜਨੈਟਿਕ ਸਕਰੀਨਿੰਗ ਕਰਵਾਉਣੀ ਹੈ ਜਾਂ ਨਹੀਂ। ਸੋਚਣ ਵਾਲੇ ਕੁਝ ਸਵਾਲ ਇਹ ਹਨ ਜਿਹੜੇ ਫੈਸਲਾ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ।

- ਕੀ ਮੈਂ ਬੇਬੀ ਦੇ ਜਨਮ ਤੋਂ ਪਹਿਲਾਂ ਇਹ ਜਾਣਨਾ ਚਾਹੁੰਦੀ ਹਾਂ ਕਿ ਕੀ ਮੇਰੇ ਬੇਬੀ ਨੂੰ ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੈਕਟ ਤਾਂ ਨਹੀਂ?
- ਜੇ ਡਾਇਗਨੌਸਟਿਕ ਟੈੱਸਟ ਦਾ ਨਤੀਜਾ ਇਹ ਦਿਖਾਉਂਦਾ ਹੋਵੇ ਕਿ ਮੇਰੇ ਬੇਬੀ ਨੂੰ ਇਨ੍ਹਾਂ ਵਿੱਚੋਂ ਇਕ ਹਾਲਤ ਹੈ ਤਾਂ ਮੈਂ ਕੀ ਕਰਾਂਗੀ? ਕੀ ਮੈਂ ਗਰਭ ਖਤਮ ਕਰ ਦਿਆਂਗੀ? ਕੀ ਮੈਂ ਇਹ ਜਾਣਨਾ ਚਾਹਾਂਗੀ ਤਾਂ ਜੋ ਮੈਂ ਖਾਸ ਲੋੜਾਂ ਵਾਲੇ ਬੱਚੇ ਲਈ ਤਿਆਰੀ ਕਰ ਸਕਾਂ? ਕੀ ਮੈਂ ਬੇਬੀ ਲਈ ਅਡੌਪਸ਼ਨ ਪਲੈਨ ’ਤੇ ਵਿਚਾਰ ਕਰਾਂਗੀ?
- ਇਹ ਜਾਣਕਾਰੀ ਗਰਭ ਦੌਰਾਨ ਮੇਰੇ ਜਜ਼ਬਾਤਾਂ ’ਤੇ ਕਿਵੇਂ ਅਸਰ ਪਾਵੇਗੀ? ਕੀ ਟੈੱਸਟ ਦੇ ਪੌਜ਼ਟਿਵ ਨਤੀਜੇ ਨਾਲ ਮੈਨੂੰ ਬਹੁਤ ਜ਼ਿਆਦਾ ਫਿਕਰ ਹੋ ਜਾਵੇਗਾ?

### ਮਨ ਵਿਚ ਰੱਖਣ ਵਾਲੀਆਂ ਗੱਲਾਂ

- **ਬਹੁਤ ਸਾਰੀਆਂ ਔਰਤਾਂ ਦੀ ਪ੍ਰੀਨੇਟਲ ਜਨੈਟਿਕ ਸਕਰੀਨਿੰਗ ਦਾ ਨਤੀਜਾ ਇਹ ਦਿਖਾਉਂਦਾ ਹੈ ਕਿ ਇਨ੍ਹਾਂ ਹਾਲਤਾਂ ਲਈ ਮੌਕੇ ਘੱਟ ਹਨ।**
- **ਭਾਵੇਂ ਕਿ ਕੁਝ ਔਰਤਾਂ ਦੇ ਟੈੱਸਟ ਦੇ ਨਤੀਜੇ ਪੌਜ਼ਟਿਵ ਆਉਣਗੇ, ਇਨ੍ਹਾਂ ਵਿੱਚੋਂ ਬਹੁਤੀਆਂ ਔਰਤਾਂ ਦੇ ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੈਕਟ ਵਾਲਾ ਬੇਬੀ ਨਹੀਂ ਹੋਵੇਗਾ।**
- **ਪ੍ਰੀਨੇਟਲ ਟੈੱਸਟ, ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੈਕਟ ਵਾਲੇ ਬਹੁਤੇ ਬੇਬੀਆਂ ਦੀ ਪਛਾਣ ਕਰ ਲੈਂਦਾ ਹੈ ਪਰ ਸਾਰਿਆਂ ਦੀ ਨਹੀਂ।**
- **ਕਦੇ ਕਦੇ ਪ੍ਰੀਨੇਟਲ ਟੈੱਸਟ ਤੁਹਾਡੇ ਬੇਬੀ ਵਿਚ ਹੋਰ ਮੈਡੀਕਲ ਹਾਲਤਾਂ ਦੀ ਪਛਾਣ ਵੀ ਕਰ ਸਕਦਾ ਹੈ।**
- **ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਕੋਈ ਵੀ ਟੈੱਸਟ ਹਰ ਕਿਸਮ ਦੀ ਸਰੀਰਕ ਜਾਂ ਦਿਮਾਗੀ ਹਾਲਤ ਦਾ ਪਤਾ ਨਹੀਂ ਲਾਉਂਦਾ।**
- **ਆਪਣਾ ਫੈਸਲਾ ਕਰਨ ਵਿਚ ਮਦਦ ਲਈ ਜੇ ਤੁਹਾਨੂੰ ਜ਼ਿਆਦਾ ਜਾਣਕਾਰੀ ਦੀ ਲੋੜ ਹੋਵੇ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ।**

## ਪ੍ਰੀਨੇਟਲ ਜਨੈਟਿਕ ਸਕਰੀਨਿੰਗ ਬਾਰੇ ਜ਼ਿਆਦਾ ਜਾਣਕਾਰੀ ਸਾਡੇ ਵੈੱਬਸਾਈਟ *www.bcprenatalscreening.ca* ’ਤੇ ਉਪਲਬਧ ਹੈ।

## ਜੇ ਤੁਹਾਡੇ ਮਨ ਵਿਚ ਸਵਾਲ ਹੋਣ ਜਾਂ ਜ਼ਿਆਦਾ ਜਾਣਕਾਰੀ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ।

### ਤੁਸੀਂ ਹੋਰ ਕੀ ਜਾਣਨਾ ਚਾਹੁੰਦੇ ਹੋ ਸਕਦੇ ਹੋ?

ਬੀ ਸੀ ਪ੍ਰੀਨੇਟਲ ਜਨੈਟਿਕ ਸਕਰੀਨਿੰਗ ਪ੍ਰੋਗਰਾਮ, ਪੈਰੀਨੇਟਲ ਸਰਵਿਸਿਜ਼ ਬੀ ਸੀ ਦਾ ਹਿੱਸਾ ਹੈ, ਜੋ ਕਿ ਸੂਬਾਈ ਹੈਲਥ ਸਰਵਿਸਿਜ਼ ਅਥਾਰਟੀ (ਪੀ ਐੱਚ ਐੱਸ ਏ) ਵਿਚ ਇਕ ਏਜੰਸੀ ਹੈ। ਬੀ ਸੀ ਪ੍ਰੀਨੇਟਲ ਜਨੈਟਿਕ ਸਕਰੀਨਿੰਗ ਪ੍ਰੋਗਰਾਮ ਸੂਬੇ ਵਿਚ ਕਈ ਥਾਂਵਾਂ ’ਤੇ ਚੱਲਦਾ ਹੈ। ਭਾਵੇਂ ਕਿ ਖੂਨ ਦੇ ਮੁਢਲੇ ਟੈੱਸਟਾਂ ਦਾ ਵਿਸ਼ਲੇਸ਼ਣ ਚਿਲਡਰਨਜ਼ ਐਂਡ ਵਿਮਨਜ਼ ਹੈਲਥ ਸੈਂਟਰ ਔਫ ਬੀ ਸੀ ਦੀ ਲੈਬਾਰਟਰੀ ਵਿਚ ਹੁੰਦਾ ਹੈ, ਜੇ ਲੋੜ ਹੋਵੇ ਤਾਂ ਬੀਮਾਰੀ ਦੀ ਪਛਾਣ ਦੇ ਹੋਰ ਟੈੱਸਟ ਬੀ ਸੀ ਵਿਚਲੀਆਂ ਹੋਰ ਥਾਂਵਾਂ ’ਤੇ ਹੁੰਦੇ ਹਨ। ਟੈੱਸਟ ਭਾਵੇਂ ਕਿਤੇ ਵੀ ਹੋਣ, ਪ੍ਰੀਨੇਟਲ ਜਨੈਟਿਕ ਸਕਰੀਨਿੰਗ ਦੀ ਜਾਣਕਾਰੀ, ਬੀ ਸੀ ਪ੍ਰੀਨੇਟਲ ਜਨੈਟਿਕ ਸਕਰੀਨਿੰਗ ਪ੍ਰੋਗਰਾਮ ਨੂੰ ਦਿੱਤੀ ਜਾਂਦੀ ਹੈ ਅਤੇ, ਮਿਲੀ ਹੋਰ ਜਾਣਕਾਰੀ ਦੇ ਸੁਮੇਲ ਨਾਲ, ਇਹ ਜਾਣਕਾਰੀ ਸੁਰੱਖਿਅਤ, ਜ਼ਿਆਦਾ ਸਹੀ ਟੈੱਸਟ ਪ੍ਰਦਾਨ ਕਰਨ, ਨਤੀਜਿਆਂ ਦਾ ਅਨੁਮਾਨ ਲਾਉਣ ਅਤੇ ਨਵੇਂ ਸਬੂਤਾਂ/ਗਿਆਨ ਦਾ ਮੁਲਾਂਕਣ ਅਤੇ ਪ੍ਰਚਾਰ ਕਰਨ ਲਈ ਵਰਤੀ ਜਾਂਦੀ ਹੈ।

### ਅਸੀਂ ਨਿੱਜੀ ਜਾਣਕਾਰੀ ਦੀ ਪ੍ਰਾਈਵੇਸੀ ਦੀ ਰੱਖਿਆ ਕਰਨ ਲਈ ਵਚਨਬੱਧ ਹਾਂ

ਪ੍ਰੀਨੇਟਲ ਜਨੈਟਿਕ ਸਕਰੀਨਿੰਗ ਦੀ ਚੋਣ ਕਰਨ ਵਾਲੀਆਂ ਔਰਤਾਂ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਬੀ ਸੀ ਪ੍ਰੀਨੇਟਲ ਜਨੈਟਿਕ ਸਕਰੀਨਿੰਗ ਪ੍ਰੋਗਰਾਮ, ਨਿੱਜੀ ਜਾਣਕਾਰੀ ਨੂੰ ਬੀ ਸੀ ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਦੇ ਸੈਕਸ਼ਨ 26 (ਸੀ), 33 ਅਤੇ 35, ਹੋਰ ਕਾਨੂੰਨਾਂ ਅਤੇ ਪੀ ਐੱਚ ਐੱਸ ਏ ਦੀ ਪ੍ਰਾਈਵੇਸੀ ਅਤੇ ਭੇਤਦਾਰੀ ਦੀ ਨੀਤੀ ਹੇਠ ਹੀ ਇਕੱਠੀ ਕਰਦਾ, ਵਰਤਦਾ ਅਤੇ ਜ਼ਾਹਰ ਕਰਦਾ ਹੈ। ਅਸੀਂ ਨਿੱਜੀ ਪ੍ਰਾਈਵੇਸੀ ਦੇ ਤੁਹਾਡੇ ਹੱਕ ਦਾ ਆਦਰ ਕਰਦੇ ਹਾਂ ਅਤੇ ਇਹ ਪੱਕਾ ਕਰਨ ਲਈ ਸਾਰੇ ਵਾਜਬ ਕਦਮ ਚੁੱਕਦੇ ਹਾਂ ਕਿ ਨਿੱਜੀ ਜਾਣਕਾਰੀ ਦੀ ਭੇਤਦਾਰੀ ਰੱਖੀ ਜਾਵੇ, ਇਸ ਦੀ ਵਰਤੋਂ ਅਤੇ ਅਗਾਂਹ ਦੱਸਣਾ ਸਿਰਫ ਉਪਰ ਦੱਸੇ ਮੰਤਵਾਂ ਲਈ ਹੀ ਹੋਵੇ ਅਤੇ ਇਹ ਸੁਰੱਖਿਅਤ ਤਰੀਕੇ ਨਾਲ ਸਾਂਭੀ ਜਾਵੇ। ਇਕੱਠੀ ਕੀਤੀ ਗਈ ਜਾਣਕਾਰੀ ਤੋਂ ਤਿਆਰ ਕੀਤੀਆਂ ਜਾਣ ਵਾਲੀਆਂ ਰਿਪੋਰਟਾਂ ਹਮੇਸ਼ਾਂ ਸੰਖੇਪ ਰੂਪ ਵਿਚ ਹੁੰਦੀਆਂ ਹਨ ਅਤੇ ਇਸ ਵਿਚ ਨਾਂ ਜਾਂ ਪਛਾਣ ਦੱਸਣ ਵਾਲੀ ਕੋਈ ਹੋਰ ਜਾਣਕਾਰੀ ਨਹੀਂ ਹੁੰਦੀ। ਜਾਣਕਾਰੀ ਇਕੱਠੀ ਕਰਨ, ਵਰਤਣ ਜਾਂ ਤੁਹਾਡੀ ਨਿੱਜੀ ਜਾਣਕਾਰੀ ਅਗਾਂਹ ਦੱਸਣ ਦੇ ਸੰਬੰਧ ਵਿਚ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਪ੍ਰਾਈਵੇਸੀ ਅਡਵਾਈਜ਼ਰ ਫਾਰ ਪੈਰੀਨੇਟਲ ਸਰਵਿਸਿਜ਼ ਬੀ ਸੀ (ਪੀ ਐੱਸ ਬੀ ਸੀ) ਨਾਲ (604) 877-2121 ’ਤੇ ਸੰਪਰਕ ਕਰੋ।

**BC Prenatal Genetic Screening Program**

Perinatal Services BC
Provincial Health Services Authority

Provincial Health Services Authority
Province-wide solutions. Better health.

March 2019

Prenatal Genetic Screening [Punjabi]